# ਡਾਇਰੈਕਟਰ , ਸਿੱਖਿਆ ਭਰਤੀ ਡਾਇਰੈਕਟੋਰੇਟ , ਪੰਜਾਬ

**ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ(ਮਾਈਕਰੋਸਾਫਟ ਬਿਲਡਿੰਗ),**

**ਫੇਸ -3ਬੀ-1, ਐਸ .ਏ. ਐਸ ਨਗਰ।**

Website: www.educationrecruitmentboard.com

---

ਮੀਮੋ ਨੰ : 5/1-2020 ਭਡ (1)/2020325541 ਮਿਤੀ :11-12-2020

<u>ਪਬਲਿਕ ਨੋਟਿਸ</u>

ਸਿੱਖਿਆ ਵਿਭਾਗ, ਪੰਜਾਬ ਵਲੋਂ ਈ.ਟੀ.ਟੀ. 2364 ਅਸਾਮੀਆਂ ਦੀ ਭਰਤੀ ਲਈ ਮਿਤੀ 06.03.2020 ਨੂੰ ਵਿਗਿਆਪਨ ਦਿੱਤਾ ਸੀ। ਵਿਗਿਆਪਨ ਦੀ ਸ਼ਰਤਾ ਅਨੁਸਾਰ ਇਹਨਾਂ ਅਸਾਮੀਆ ਦਾ ਮਿਤੀ 29.11.2020 ਨੂੰ ਵਿਭਾਗੀ ਟੈਸਟ ਲੈਣ ਉਪਰੰਤ ਵਿਭਾਗ ਵੱਲੋਂ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਹੈ।

ਉਮੀਦਵਾਰਾਂ ਵੱਲੋਂ ਟੈਸਟ ਵਿੱਚੋਂ ਪ੍ਰਾਪਤ ਅੰਕ, ਉਚੇਰੀ ਯੋਗਤਾ ਦੇ ਬਣਦੇ ਅੰਕ ਅਤੇ ਸਿੱਖਿਆ ਪ੍ਰੋਵਾਈਡਰ/ਐਜੂਕੇਸ਼ਨ ਪ੍ਰੋਵਾਈਡਰ/ਐਜੂਕੇਸ਼ਨ ਵਲੰਟੀਅਰ, ਈ.ਜੀ.ਐਸ ਵਲੰਟੀਅਰ. ਏ.ਆਈ.ਈ. ਵਲੰਟੀਅਰਜ ਅਤੇ ਸਪੈਸਲ ਟ੍ਰੇਨਿੰਗ ਰਿਸੋਰਸ (STR) ਵਲੰਟੀਅਰਜ ਵੱਲੋਂ ਤਜਰਬੇ ਦੇ ਬਣਦੇ ਅੰਕ ਜੋੜ ਕੇ ਪ੍ਰੋਵੀਜ਼ਨਲ ਮੈਰਿਟ ਸੂਚੀ ਤਿਆਰ ਕੀਤੀ ਗਈ ਹੈ। ਇਸ ਮੈਰਿਟ ਸੂਚੀ ਅਨੁਸਾਰ ਹੇਠ ਲਿਖੇ ਕੈਟਾਗਰੀ ਦੇ ਉਮੀਦਵਾਰਾਂ ਨੂੰ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਦਫਤਰ **ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ(ਮਾਈਕਰੋਸਾਫ਼ਟ ਬਿਲਡਿੰਗ) ਫੇਜ਼ 3 ਬੀ-1 ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)** ਵਿਖੇ ਮਿਤੀ 16 .12.2020 ਤੋਂ ਹੇਠ ਲਿਖੇ ਸਡਿਊਲ ਅਨੁਸਾਰ ਸਵੇਰੇ 9.30 ਵਜੇ ਤੋਂ 5 ਵਜੇ ਤੱਕ ਸੱਦਾ ਦਿੱਤਾ ਜਾਂਦਾ ਹੈ।

ਸਕਰੂਟਨੀ ਲਈ ਬੁਲਾਏ ਉਮੀਦਵਾਰ ਸਕਰੂਟਨੀ ਲਈ ਆਉਣ ਤੋ ਪਹਿਲਾ ਆਪਣੀ ਲਾਗਇੰਨ-ਆਈ.ਡੀ ਤੋਂ ਹੇਠ ਲਿਖੇ ਸਰਟੀਫਿਕੇਟ ਅਪਲੋਡ ਕਰਨਗੇ-

1. ਮੈਟ੍ਰਿਕ ਦਾ ਡੀ.ਐਮ.ਸੀ ਅਤੇ ਸਰਟੀਫਿਕੇਟ (ਸਨਦ)।
2. 10+2 ਦਾ ਸਰਟੀਫਿਕੇਟ।
3. ਈ.ਟੀ.ਟੀ ਪਾਸ ਦਾ ਸਰਟੀਫਿਕੇਟ।
4. ਗ੍ਰੈਜੂਏਸ਼ਨ ਦਾ ਡੀ.ਐਮ.ਸੀ.(ਜੇਕਰ ਪਾਸ ਕੀਤੀ ਹੈ)।
5. ਕੈਟਾਗਰੀ ਸਰਟੀਫਿਕੇਟ।
6. ਡੋਮੀਸਾਇਲ (ਵਸਨੀਕ) ਸਰਟੀਫਿਕੇਟ।
7. ਤਜਰਬਾ ਸਰਟੀਫਿਕੇਟ (ਕੇਵਲ ਸਿੱਖਿਆ ਪ੍ਰੋਵਾਈਡਰ/ਐਜੂਕੇਸ਼ਨਪ੍ਰੋਵਾਈਡਰ/ਐਜੂਕੇਸ਼ਨ ਵਲੰਟੀਅਰ, ਈ.ਜੀ.ਐਸ ਵਲੰਟੀਅਰ. ਏ.ਆਈ.ਈ. ਵਲੰਟੀਅਰਜ ਅਤੇ ਸਪੈਸਲ ਟ੍ਰੇਨਿੰਗ ਰਿਸੋਰਸ (STR) ਵਲੰਟੀਅਰਜ)।
8. ਗ੍ਰੈਜੂਏਸ਼ਨ ਤੋ ਬਾਅਦ ਪ੍ਰਾਪਤ ਕੀਤੀ ਕੋਈ ਵੀ ਪ੍ਰੋਫੈਸਨਲ ਯੋਗਤਾ ।

ਨੋਟ- ਸਿੱਖਿਆ ਪ੍ਰੋਵਾਈਡਰ/ਐਜੂਕੇਸ਼ਨ ਪ੍ਰੋਵਾਈਡਰ/ਐਜੂਕੇਸ਼ਨ ਵਲੰਟੀਅਰ, ਈ.ਜੀ.ਐਸ ਵਲੰਟੀਅਰ. ਏ.ਆਈ.ਈ. ਵਲੰਟੀਅਰਜ ਅਤੇ ਸਪੈਸਲ ਟ੍ਰੇਨਿੰਗ ਰਿਸੋਰਸ (STR) ਵਲੰਟੀਅਰਜ ਤਜਰਬਾ ਸਰਟੀਫਿਕੇਟ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਤੋਂ ਤਸਦੀਕ ਕਰਵਾ ਕੇ ਅੱਪਲੋਡ ਕਰਨ ਦੇ ਨਾਲ-ਨਾਲ ਅਸਲ ਸਰਟੀਫਿਕੇਟ ਸਕਰੂਟਨੀ ਸਮੇਂ ਵੀ ਪੇਸ਼ ਕਰਨਗੇ।

ਸਕਰੂਟਨੀ ਲਈ ਬੁਲਾਏ ਗਏ ਉਮੀਦਵਾਰਾਂ ਦੀ ਸੂਚੀ, ਸਕਰੂਟਨੀ ਸਡਿਊਲ, ਸਕਰੂਟਨੀ ਪਰਫਾਰਮਾ ਅਤੇ ਹੋਰ ਜਾਣਕਾਰੀ ਵਿਭਾਗ ਦੀ ਵੈਬਸਾਇਟ ਤੇ ***<u>www.educationrecruitmentboard.com</u>*** ਅਪਲੋਡ ਕਰ ਦਿੱਤਾ ਜਾਵੇਗਾ।

11/12/2020

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

Scanned with CamScanner

| ਮਿਤੀ | ਉਮੀਦਵਾਰ ਦੀ ਕੈਟਾਗਰੀ | ਲੜੀ ਨੰ. ਤੋ ਲੜੀ ਨੰ. | ਰਿਪੋਰਟਿੰਗ ਟਾਈਮ |
|---|---|---|---|
| 16-12-2020 | ਜਨਰਲ | 1- 250 | 9:30 ਵਜੇ ਸਵੇਰੇ |
| | | 251-500 | 12:30 ਬਾਅਦ ਦੁਪਹਿਰ |
| 17-12-2020 | ਜਨਰਲ | 501-750 | 9:30 ਵਜੇ ਸਵੇਰੇ |
| | | 751-829 | 12:30 ਬਾਅਦ ਦੁਪਹਿਰ |
| | ਅੰਗਹੀਣ:<br>**1 Visual Impaired**<br>**2 Hearing Impaired**<br>**3 Orthopedically Disabled**<br>**4 Intellectual Disability( including Autism and one percent specific learning disability and mental illness Or Multiple disability specified in serial no. 1 to 4 above, including deaf-blindness)** | 1-43<br>1-18<br>1-40<br>--- | 12:30 ਬਾਅਦ ਦੁਪਹਿਰ |
| | ਅਜਾਦੀ ਘੁਲਾਟੀਏ | 1-66 | 12:30 ਬਾਅਦ ਦੁਪਹਿਰ |
| 18-12-2020 | **Economically Weaker Section for General Category** | 1-213 | 9:30 ਵਜੇ ਸਵੇਰੇ |
| | ਸਾਬਕਾ ਫੌਜੀ (ਜਨਰਲ) | 1-150 | 12:30 ਬਾਅਦ ਦੁਪਹਿਰ |
| | ਅਨੁਸੂਚਿਤ ਜਾਤੀ (ਸਾਬਕਾ ਫੌਜੀ)(ਐਮ.ਤੇ ਬੀ) | 1-43 | 9:30 ਵਜੇ ਸਵੇਰੇ |
| | ਅਨੁਸੂਚਿਤ ਜਾਤੀ(ਸਾਬਕਾ ਫੌਜੀ) (ਆਰ.ਤੇ ੳ) | 1-43 | 12:30 ਬਾਅਦ ਦੁਪਹਿਰ |
| | ਪੱਛੜੀਆਂ ਸ੍ਰੇਣੀਆਂ (ਸਾਬਕਾ ਫੌਜੀ) | 1-43 | 12:30 ਬਾਅਦ ਦੁਪਹਿਰ |
| 21-12-2020 | ਅਨੁਸੂਚਿਤ ਜਾਤੀ (ਆਰ.ਤੇ ੳ) | 1-240 | 9:30 ਵਜੇ ਸਵੇਰੇ |
| | | 241-480 | 12:30 ਬਾਅਦ ਦੁਪਹਿਰ |
| 22-12-2020 | ਅਨੁਸੂਚਿਤ ਜਾਤੀ (ਆਰ.ਤੇ ੳ) | 481-584 | 9:30 ਵਜੇ ਸਵੇਰੇ |
| | ਅਨੁਸੂਚਿਤ ਜਾਤੀ(ਐਮ.ਤੇ ਬੀ) | 1-136 | 9:30 ਵਜੇ ਸਵੇਰੇ |
| | | 137-376 | 12:30 ਬਾਅਦ ਦੁਪਹਿਰ |
| 23-12-2020 | ਅਨੁਸੂਚਿਤ ਜਾਤੀ(ਐਮ.ਤੇ ਬੀ) | 377-585 | 9:30 ਵਜੇ ਸਵੇਰੇ |
| | **ਜਨਰਲ (ਸਪੋਰਟਸ)** | ਸਾਰੇ ਉਮੀਦਵਾਰ | 9:30 ਵਜੇ ਸਵੇਰੇ |
| | ਅਨੁਸੂਚਿਤ ਜਾਤੀ(ਖਿਡਾਰੀ) (ਐਮ ਤੇ ਬੀ) | ਸਾਰੇ ਉਮੀਦਵਾਰ | 9:30 ਵਜੇ ਸਵੇਰੇ |
| | ਅਨੁਸੂਚਿਤ ਜਾਤੀ(ਖਿਡਾਰੀ) (ਆਰ ਤੇ ੳ) | ਸਾਰੇ ਉਮੀਦਵਾਰ | 9:30 ਵਜੇ ਸਵੇਰੇ |
| | ਪੱਛੜੀਆਂ ਸ੍ਰੇਣੀਆਂ | 1-213 | 12:30 ਬਾਅਦ ਦੁਪਹਿਰ |
| 24-12-2020 | **ਬਾਕੀ ਹੋਰ** | | |

ਸਕਰੂਟਨੀ ਲਈ ਆਉਣ ਵਾਲੇ ਉਮੀਦਵਾਰ ਕੋਵਿਡ-19 ਸਬੰਧੀ ਸਿਹਤ ਵਿਭਾਗ, ਪੰਜਾਬ ਵੱਲੋਂ ਜਾਰੀ ਹਦਾਇਤਾਂ ਜਿਵੇਂ- ਮਾਸਕ ਪਾਉਣਾ, ਸਮਾਜਿਕ ਦੂਰੀ ਰੱਖਣਾ ਆਦਿ ਦੀ ਪਾਲਣਾ ਕਰਨੀ ਯਕੀਨੀ ਬਨਾਉਣਗੇ।

Scanned with CamScanner